ਇਹਨਾਂ ਨਿਯਮਾਂ ਵਿੱਚ ਛੋਟ ਇਹ ਹੈ ਕਿ ਊੜਾ ਅੱਖਰ ਨੂੰ ਲੱਗੇ ਔਂਕੜ ਅਤੇ ਦੁਲੈਂਕੜ ਨਾਲ਼ ਟਿੱਪੀ ਨਹੀਂ ਬਿੰਦੀ ਲਗਦੀ ਹੈ।

ਅਧਕ (ੱ) : ਇਹ ਦਬਾਅ ਜਾਂ ਬਲ ਦਾ ਚਿੰਨ੍ਹ ਹੈ। ਸ਼ਬਦ ਵਿੱਚ ਜੇ ਕਿਸੇ ਧੁਨੀ ਉੱਤੇ ਦਬਾਅ ਜਾਂ ਬਲ ਹੋਵੇ ਤਾਂ ਉਸ ਧੁਨੀ ਨੂੰ ਅੰਕਿਤ ਕਰਨ ਵਾਲ਼ੇ ਅੱਖਰ ਤੋਂ ਪਹਿਲੇ ਅੱਖਰ ਉੱਤੇ ਅਧਕ ਦਾ ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ : ਪੱਤਾ, ਸਿੱਕ, ਪਿੱਤ। ਅਧਕ ਕੇਵਲ ਮੁਕਤਾ ਸਿਹਾਰੀ ਅਤੇ ਔਂਕੜ ਲਗਾਂ ਨਾਲ਼ ਲਾਈ ਜਾਂਦੀ ਹੈ, ਜਿਵੇਂ : ਵੱਟ, ਪਿੱਤ, ਕੁੱਤਾ। ਜੇਕਰ ਧੁਨੀ ਨਾਸਿਕੀ ਹੋਵੇ ਤਾਂ ਅਧਕ ਦੀ ਥਾਂ ਟਿੱਪੀ ਲਾਈ ਜਾਂਦੀ ਹੈ, ਜਿਵੇਂ : ਕੰਨ, ਤਿੰਨ, ਭੁੰਨ।

ਨੋਟ : ਕੁਝ ਅੰਗਰੇਜ਼ੀ ਸ਼ਬਦਾਂ ਨੂੰ ਗੁਰਮੁਖੀ ਵਿੱਚ ਲਿਖਣ ਲਈ ਦੁਲਾਵਾਂ ਲਗ ਨਾਲ਼ ਵੀ ਅਧਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ : ਪੈੱਨ, ਜੈੱਟ, ਸੈੱਟ ਆਦਿ।

**ਸੁੰਦਰ ਲਿਖਾਈ ਦਾ ਆਧਾਰ**

ਸੁੰਦਰ ਲਿਖਾਈ ਦੇ ਦੋ ਮੁੱਖ ਲੱਛਣ ਹਨ। ਪਹਿਲਾਂ ਇਹ ਕਿ ਲਿਖਿਆ ਹੋਇਆ ਸੌਖੀ ਤਰ੍ਹਾਂ ਪੜ੍ਹਿਆ ਜਾਵੇ ਅਤੇ ਕਿਸੇ ਪ੍ਰਕਾਰ ਦਾ ਭੁਲੇਖਾ ਨਾ ਪਵੇ। ਦੂਜਾ ਇਹ ਕਿ ਲਿਖਿਆ ਹੋਇਆ ਅੱਖਾਂ ਨੂੰ ਸੋਹਣਾ ਲੱਗੇ।

ਗੁਰਮੁਖੀ ਦੇ ਸਾਰੇ ਅੱਖਰ, ਊੜਾ ਨੂੰ ਛੱਡ ਕੇ, ਲੰਬਾਈ ਅਤੇ ਚੌੜਾਈ ਵਿੱਚ ਇੱਕੋ ਜਿਹੇ ਹਨ। ਇਸ ਲਈ ਸੁੰਦਰ ਲਿਖਤ ਵਿੱਚ ਸਾਰੇ ਅੱਖਰਾਂ ਦੇ ਆਕਾਰ ਨੂੰ ਇੱਕੋ ਜਿਹਾ ਰੱਖਣ ਦੀ ਕੋਸ਼ਸ਼ ਕੀਤੀ ਹੁੰਦੀ ਹੈ। ਅੱਖਰਾਂ ਨਾਲ਼ ਲੱਗੀਆਂ ਲਗਾਂ ਅਤੇ ਟਿੱਪੀ, ਅਧਕ ਆਦਿ ਚਿੰਨ੍ਹ ਅੱਖਰਾਂ ਦੇ ਖ਼ਾਸ ਅਨੁਪਾਤ ਵਿੱਚ ਹੁੰਦੇ ਹਨ ਅਤੇ ਉਹਨਾਂ ਦੇ ਲਾਉਣ ਦੀ ਥਾਂ ਵੀ ਨਿਸਚਿਤ ਹੁੰਦੀ ਹੈ। ਸੁੰਦਰ ਲਿਖਾਈ ਵਿੱਚ ਲਗਾਂ ਦੀ ਥਾਂ ਅਤੇ ਆਕਾਰ ਅੱਖਰਾਂ ਅਨੁਸਾਰ ਹੀ ਹੋਣੇ ਚਾਹੀਦੇ ਹਨ। ਭਾਵੇਂ ਹੱਥ ਨਾਲ਼ ਲਿਖਦੇ ਹੋਏ ਅੱਖਰ ਅਤੇ ਲਗਾਂ ਆਦਿ ਇੰਨ-ਬਿੰਨ ਛਾਪੇ ਦੇ ਅੱਖਰਾਂ ਅਤੇ ਲਗਾਂ ਜਿਹੇ ਨਹੀਂ ਬਣਦੇ ਤਾਂ ਵੀ ਇਹ ਕੋਸ਼ਸ਼ ਕੀਤੀ ਜਾਣੀ ਚਾਹੀਦੀ ਹੈ ਕਿ ਹੱਥਾਂ ਨਾਲ਼ ਲਿਖੇ ਅੱਖਰ ਅਤੇ ਲਗਾਂ, ਛਾਪੇ ਦੇ ਅੱਖਰਾਂ ਅਤੇ ਲਗਾਂ ਦੇ ਨੇੜੇ-ਤੇੜੇ ਰਹਿਣ।

ਸ਼ਬਦਾਂ ਵਿੱਚ ਅੱਖਰਾਂ ਦੀ ਅਤੇ ਵਾਕ ਵਿੱਚ ਸ਼ਬਦਾਂ ਦੀ ਆਪਸੀ ਵਿੱਥ ਸਮਾਨ ਹੋਣੀ ਚਾਹੀਦੀ ਹੈ। ਕਾਗ਼ਜ਼ ਉੱਤੇ ਹਾਸ਼ੀਆ ਛੱਡਣ, ਪੈਰਾ ਬਣਾਉਣ, ਵਿਸਰਾਮ ਚਿੰਨ੍ਹਾਂ ਅਤੇ ਸ਼ਬਦ-ਜੋੜਾਂ ਬਾਬਤ ਸੁਚੇਤ ਰਹਿਣ ਨਾਲ਼ ਲਿਖਾਈ ਸੁਹਣੀ ਲਗਦੀ ਹੈ।

ਸਮੁੱਚੇ ਤੌਰ 'ਤੇ ਲਿਖੇ ਅੱਖਰ ਨਾ ਤਾਂ ਇਤਨੇ ਬਰੀਕ ਹੋਣ ਕਿ ਪੜ੍ਹਨ ਵਿੱਚ ਔਖ ਹੋਵੇ ਅਤੇ ਨਾ ਹੀ ਇਤਨੇ ਵੱਡੇ ਕਿ ਭੱਦੇ ਲੱਗਣ।

Vivo V9
Dual Rear Camera
2020.03.23 17:05
Scanned with CamScanner

# ਵਿਆਕਰਨ ਬਾਰੇ

## ਵਿਆਕਰਨ ਦਾ ਸਰੂਪ

ਭਾਸ਼ਾ ਦੇ ਵੱਖ-ਵੱਖ ਅੰਗ ਹਨ ਜਿਵੇਂ ਧੁਨੀਆਂ, ਸ਼ਬਦ, ਵਾਕ ਅਤੇ ਅਰਥ। ਇਹਨਾਂ ਨੂੰ ਧਿਆਨ ਨਾਲ਼ ਵੇਖਿਆਂ-ਵਿਚਾਰਿਆਂ ਇਹਨਾਂ ਪਿੱਛੇ ਕੁਝ ਨਿਯਮ ਕੰਮ ਕਰਦੇ ਵਿਖਾਈ ਦਿੰਦੇ ਹਨ। ਭਾਸ਼ਾ ਦੇ ਵਰਤਾਰੇ ਸੰਬੰਧੀ ਪ੍ਰਾਪਤ ਹੁੰਦੇ ਇਹਨਾਂ ਸਾਰੇ ਨਿਯਮਾਂ ਦਾ ਵਰਗੀ-ਕਰਨ ਕੀਤਾ ਜਾਂਦਾ ਹੈ । ਨਿਯਮਾਂ ਦੇ ਅਜਿਹੇ ਸਮੂਹ ਤੋਂ ਵਿਆਕਰਨ ਦਾ ਸਰੂਪ ਬਣਦਾ ਹੈ । ਇਸ ਪ੍ਰਕਾਰ ਵਿਆਕਰਨ ਇੱਕ ਪੜ੍ਹਾਈ ਜਾਂ ਵਿੱਦਿਆ ਹੈ ਜਿਸ ਵਿੱਚ ਭਾਸ਼ਾ ਦੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ । ਇਹਨਾਂ ਨਿਯਮਾਂ ਤੋਂ ਹੀ ਭਾਸ਼ਾ ਦਾ ਸ਼ੁੱਧ ਅਤੇ ਮਿਆਰੀ ਸਰੂਪ ਸਥਾਪਿਤ ਹੁੰਦਾ ਹੈ ।

ਭਾਸ਼ਾ ਸੰਬੰਧੀ ਵਿਆਕਰਨ ਦੇ ਨਿਯਮ ਬਾਹਰੋਂ ਨਹੀਂ ਬਣਾਏ ਜਾਂਦੇ ਸਗੋਂ ਇਹ ਉਸ ਭਾਸ਼ਾ ਉੱਤੇ ਹੀ ਆਧਾਰਿਤ ਹੁੰਦੇ ਹਨ । ਇਸ ਤਰ੍ਹਾਂ ਹਰ ਭਾਸ਼ਾ ਦਾ ਆਪਣਾ ਵਿਆਕਰਨ ਹੁੰਦਾ ਹੈ ਜਿਸ ਨੂੰ ਕਿਸੇ ਦੂਜੀ ਭਾਸ਼ਾ ਉੱਤੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਦਾ ।

ਵਿਆਕਰਨ ਦੇ ਨਿਯਮਾਂ ਵਿੱਚ ਲਚਕ ਨਹੀਂ ਹੁੰਦੀ। ਪਰ ਜੀਵਤ ਭਾਸ਼ਾ ਗਤੀਸ਼ੀਲ ਹੁੰਦੀ ਹੈ । ਭਾਸ਼ਾ ਵਿੱਚ ਸਮਾਂ ਬੀਤਣ ਨਾਲ਼ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ । ਨਤੀਜੇ ਵਜੋਂ ਵਕਤ ਬੀਤਣ ਨਾਲ਼ ਵਿਆਕਰਨ ਦੇ ਨਿਯਮਾਂ ਵਿੱਚ ਵੀ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ ।

## ਵਿਆਕਰਨ ਦੀ ਮਹੱਤਤਾ

ਭਾਸ਼ਾ ਦਾ ਸ਼ੁੱਧ ਅਤੇ ਮਿਆਰੀ ਸਰੂਪ ਸਮਝਣ ਲਈ ਵਿਆਕਰਨ ਦੀ ਬੜੀ ਮਹੱਤਤਾ ਹੈ । ਜਦੋਂ ਬੱਚਾ ਸਕੂਲ ਪੜ੍ਹਨ ਆਉਂਦਾ ਹੈ ਤਦ ਉਹ ਭਾਸ਼ਾ ਦਾ ਕੁਝ ਗਿਆਨ ਰਖਦਾ ਹੁੰਦਾ ਹੈ । ਜਿਉਂ-ਜਿਉਂ ਉਹ ਅੱਗੇ ਪੜ੍ਹਦਾ ਹੈ ਤਿਉਂ-ਤਿਉਂ ਉਹ ਭਾਸ਼ਾ ਬਾਰੇ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਦਾ ਹੈ । ਭਾਸ਼ਾ ਦੀ ਇਸ ਪੜ੍ਹਾਈ ਵਿੱਚ ਵਿਆਕਰਨ ਦੀ ਪੜ੍ਹਾਈ ਵੀ ਸ਼ਾਮਲ ਹੁੰਦੀ ਹੈ ਜਿਸ ਤੋਂ ਉਸ ਨੂੰ ਸ਼ੁੱਧ ਅਤੇ ਮਿਆਰੀ ਭਾਸ਼ਾ ਸਿੱਖਣ ਵਿੱਚ ਸਹਾਇਤਾ ਮਿਲ਼ਦੀ ਹੈ । ਉਦਾਹਰਨ ਵਜੋਂ ਧੁਨੀਆਂ ਦੇ ਸਹੀ ਉਚਾਰਨ ਦਾ ਗਿਆਨ

Vivo V9
Dual Rear Camera
2020.03.23 17:03
Scanned with CamScanner

ਪੰਜਾਬੀ ਦੀਆਂ ਇਹ ਉਪਭਾਸ਼ਾਵਾਂ ਮੁੱਖ ਤੌਰ 'ਤੇ ਹੇਠ ਲਿਖੇ ਇਲਾਕਿਆਂ ਵਿੱਚ ਬੋਲੀਆਂ ਜਾਂਦੀਆਂ ਹਨ :

| | |
|---|---|
| ਮਾਝੀ –ਮਾਝੇ ਦਾ ਇਲਾਕਾ : | ਜ਼ਿਲ੍ਹਾ ਅੰਮ੍ਰਿਤਸਰ, ਜ਼ਿਲ੍ਹਾ ਤਰਨਤਾਰਨ<br>ਜ਼ਿਲ੍ਹਾ ਗੁਰਦਾਸਪੁਰ<br>ਪਾਕਿਸਤਾਨ ਵਿੱਚ ਜ਼ਿਲ੍ਹਾ ਲਾਹੌਰ |
| ਮਲਵਈ–ਮਾਲਵੇ ਦਾ ਇਲਾਕਾ : | ਜ਼ਿਲ੍ਹਾ ਲੁਧਿਆਣਾ, ਜ਼ਿਲ੍ਹਾ ਫ਼ਿਰੋਜ਼ਪੁਰ,<br>ਜ਼ਿਲ੍ਹਾ ਮੁਕਤਸਰ, ਜ਼ਿਲ੍ਹਾ ਫ਼ਰੀਦਕੋਟ,<br>ਜ਼ਿਲ੍ਹਾ ਮੋਗਾ, ਜ਼ਿਲ੍ਹਾ ਬਠਿੰਡਾ,<br>ਜ਼ਿਲ੍ਹਾ ਮਾਨਸਾ, ਜ਼ਿਲ੍ਹਾ ਬਰਨਾਲਾ,<br>ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਜ਼ਿਲ੍ਹਾ ਮੁਹਾਲੀ<br>ਜ਼ਿਲ੍ਹਾ ਸੰਗਰੂਰ ਦਾ ਕੁਝ ਹਿੱਸਾ<br>ਜ਼ਿਲ੍ਹਾ ਪਟਿਆਲਾ ਦਾ ਕੁਝ ਹਿੱਸਾ |
| ਦੁਆਬੀ–ਦੁਆਬੇ ਦਾ ਇਲਾਕਾ : | ਜ਼ਿਲ੍ਹਾ ਜਲੰਧਰ,<br>ਜ਼ਿਲ੍ਹਾ ਸ਼ਹੀਦ ਭਗਤ ਸਿੱਘ ਨਗਰ,<br>ਜ਼ਿਲ੍ਹਾ ਕਪੂਰਥਲਾ,<br>ਜ਼ਿਲ੍ਹਾ ਹੁਸ਼ਿਆਰਪੁਰ |
| ਪੁਆਧੀ–ਪੁਆਧ ਦਾ ਇਲਾਕਾ : | ਜ਼ਿਲ੍ਹਾ ਰੋਪੜ<br>ਜ਼ਿਲ੍ਹਾ ਪਟਿਆ'ਲਾ ਦਾ ਕੁਝ ਹਿੱਸਾ<br>ਜ਼ਿਲ੍ਹਾ ਸੰਗਰੂਰ ਦਾ ਕੁਝ ਹਿੱਸਾ<br>ਜ਼ਿਲ੍ਹਾ ਅੰਬਾਲਾ ਦਾ ਕੁਝ ਹਿੱਸਾ |
| ਪੋਠੋਹਾਰੀ–ਪੋਠੋਹਾਰ ਦਾ ਇਲਾਕਾ : | ਜਿਹਲਮ ਤੇ ਜ਼ਿਲ੍ਹਾ ਰਾਵਲਪਿੰਡੀ,<br>ਜਿਹਲਮ ਆਦਿ । ਇਹ ਇਲਾਕਾ ਹੁਣ<br>ਪਾਕਿਸਤਾਨ ਵਿੱਚ ਹੈ। |
| ਮੁਲਤਾਨੀ–ਮੁਲਤਾਨ, ਡੇਰਾ ਗਾਜ਼ੀ ਖਾਂ<br>ਝੰਗ, ਸ਼ਾਹਪੁਰ ਮੀਆਂਵਾਲੀ ਮੁਜ਼ੱਫਰਗੜ੍ਹ : | ਬਹਾਵਲਪੁਰ ਆਦਿ ਦਾ ਇਲਾਕਾ। ਇਹ<br>ਹੁਣ ਪਾਕਿਸਤਾਨ ਵਿੱਚ ਹੈ। |

ਹੁਣ ਅਜੋਕੇ ਪੰਜਾਬ ਵਿੱਚ ਆਵਾਜਾਈ ਅਤੇ ਸੰਚਾਰ–ਸਾਧਨਾਂ ਦੇ ਉੱਨਤ ਹੋਣ ਕਾਰਨ ਵੱਖ-ਵੱਖ ਖੇਤਰਾਂ ਦੇ ਲੋਕਾਂ ਦਾ ਆਪਸੀ ਮੇਲ-ਜੋਲ ਵਧ ਗਿਆ ਹੈ । ਨਤੀਜੇ ਵਜੋਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਉੱਘੜਵੇਂ ਅੰਤਰ ਅਤੇ ਵਖਰੇਵੇਂ ਮੱਧਮ ਪੈ ਰਹੇ ਹਨ

Vivo V9
Dual Rear Camera
2020.03.23 17:04
Scanned with CamScanner

**ਦੁਲਾਵਾਂ ( ੈ ) :** ਇਹ ਲਗ/ਐ/ਸੂਰ ਧੁਨੀ ਦਾ ਚਿੰਨ੍ਹ ਹੈ । ਲਾਂ ਵਾਂਗ ਇਹ ਲਗ ਵੀ ਅੱਖਰ ਦੇ ਉੱਤੇ ਲਾਈ ਜਾਂਦੀ ਹੈ । ਜਿਸ ਅੱਖਰ ਨਾਲ਼ ਇਸ ਦੀ ਵਰਤੋਂ ਹੁੰਦੀ ਹੈ, ਉਸ ਨਾਲ਼ /ਐ/ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ ਸੈਨਤ, ਤਰਨਾ, ਹੁਸੈਨ, ਨਿਰਭੈ । ਇਹ ਲਗ ਊੜਾ ਅਤੇ ਈੜੀ ਨਾਲ਼ ਨਹੀਂ ਲਾਈ ਜਾਂਦੀ ।

**ਹੋੜਾ ( ੋ ) :** ਇਹ ਲਗ (ਓ) ਸੂਰ ਧੁਨੀ ਦਾ ਚਿੰਨ੍ਹ ਹੈ । ਇਹ ਅੱਖਰ ਦੇ ਉੱਤੇ ਲਗਦੀ ਹੈ । ਜਿਸ ਅੱਖਰ ਨਾਲ਼ ਹੋੜਾ ਲਗਦਾ ਹੈ ਉਸ ਨਾਲ਼ /ਓ/ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਮੋਰ, ਕਟੋਰਾ, ਪਰਲੋ। ਜਦੋਂ ਇਹ ਲਗ ਊੜਾ ਅੱਖਰ ਨਾਲ਼ ਲਾਉਣੀ ਹੁੰਦੀ ਹੈ ਤਾਂ ਊੜੇ ਦਾ ਕੇਵਲ ਮੂੰਹ ਖੋਲ੍ਹ ਦਿੱਤਾ ਜਾਂਦਾ ਹੈ। ਆੜਾ ਅਤੇ ਈੜੀ ਨਾਲ਼ ਇਸ ਦੀ ਵਰਤੋਂ ਨਹੀਂ ਹੁੰਦੀ ।

**ਕਨੌੜਾ ( ੌ ) :** ਇਹ ਲਗ/ਔ/ ਸੂਰ ਧੁਨੀ ਦਾ ਚਿੰਨ੍ਹ ਹੈ । ਹੋੜਾ ਲਗ ਵਾਂਗ ਇਹ ਅੱਖਰ ਦੇ ਉੱਤੇ ਲਗਦੀ ਹੈ । ਜਿਸ ਅੱਖਰ ਉੱਤੇ ਕਨੌੜਾ ਲਗਦਾ ਹੈ ਉਸ ਨਾਲ਼ /ਔ/ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਔਕੜ, ਸੌਣ, ਧੌਣ, ਰੌਣਕ, ਅਲੌਕਿਕ, ਜਲੌ । ਇਹ ਲਗ ਊੜਾ ਅਤੇ ਈੜੀ ਨਾਲ਼ ਨਹੀਂ ਲਗਦੀ ।

**ਬਿੰਦੀ ( ਂ ) ਤੇ ਟਿੱਪੀ ( ੰ ) :** ਇਹ ਚਿੰਨ੍ਹ ਨਾਸਿਕੀ ਸੂਰ ਧੁਨੀਆਂ ਨੂੰ ਅੰਕਿਤ ਕਰਨ ਲਈ ਵਰਤੇ ਜਾਂਦੇ ਹਨ । ਬਿੰਦੀ ਅਤੇ ਟਿੱਪੀ ਦੀ ਅਵਾਜ਼ ਵਿੱਚ ਕੋਈ ਅੰਤਰ ਨਹੀਂ ਹੈ। ਇਹ ਦੋਵੇਂ ਚਿੰਨ੍ਹ ਲਗਾਂ ਦੇ ਨਾਲ਼ ਆਉਂਦੇ ਹਨ। ਭਾਵੇਂ ਕਿਸੇ ਅੱਖਰ ਨਾਲ਼ ਦੋ ਲਗਾਂ ਇਕੱਠੀਆਂ ਨਹੀਂ ਆਉਂਦੀਆਂ ਪਰ ਇੱਕ ਲਗ ਅਤੇ ਉਸ ਨਾਲ਼ ਬਿੰਦੀ ਜਾਂ ਟਿੱਪੀ ਦਾ ਚਿੰਨ੍ਹ ਆ ਸਕਦਾ ਹੈ, ਜਿਵੇਂ : ਉਂਗਲ਼ੀ, ਆਂਡਾ, ਇੰਜਣ, ਮੀਂਹ, ਗੂੰਦ, ਭੌਂ, ਧੌਂਸਾ, ਗੇਂਦ, ਗੈਂਡਾ।

ਬਿੰਦੀ ਅਤੇ ਟਿੱਪੀ ਦੀ ਵਰਤੋਂ ਲਗਾਂ ਅਨੁਸਾਰ ਹੁੰਦੀ ਹੈ । ਮੁਕਤਾ, ਸਿਹਾਰੀ, ਔਂਕੜ, ਦੁਲੈਂਕੜ ਨਾਲ਼ ਟਿੱਪੀ ਦੀ ਵਰਤੋਂ ਹੁੰਦੀ ਹੈ, ਜਿਵੇਂ : ਭੰਨ, ਸੰਘ, ਸਿੰਘ, ਪਿੰਨੀ, ਮੁੰਡਾ, ਝੁੰਡ, ਮੁੰਡ ਬੂੰਦ ।

ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ ਨਾਲ਼ ਬਿੰਦੀ ਦੀ ਵਰਤੋਂ ਹੁੰਦੀ ਹੈ, ਜਿਵੇਂ : ਬਾਂਦਰ, ਆਂਡਾ, ਨੀਂਦ, ਪੀਂਘ, ਗੇਂਦਾ, ਬੈਂਗਣ, ਸੈਂਕੜਾ, ਗੋਂਦ, ਕਦੋਂ, ਧੌਂਸ, ਜੌਂ।

Vivo V9 Dual Rear Camera
2020.03.23 17:05
Scanned with CamScanner

# ਲਿਪੀ ਬੋਧ

ਭਾਸ਼ਾ ਦੀਆਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਕੁਝ ਚਿੰਨ੍ਹ ਵਰਤੇ ਜਾਂਦੇ ਹਨ । ਇਹਨਾਂ ਚਿੰਨ੍ਹਾਂ ਨੂੰ ਮਿਲ਼ਾ ਕੇ ਲਿਪੀ ਬਣਦੀ ਹੈ ਇੰਞ ਵੀ ਕਿਹਾ ਜਾ ਸਕਦਾ ਹੈ ਕਿ ਜਿਵੇਂ ਧੁਨੀਆਂ ਨੂੰ ਮਿਲ਼ਾ ਕੇ ਭਾਸ਼ਾ ਬਣਦੀ ਹੈ ਤਿਵੇਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਣ ਵਾਲ਼ੇ ਚਿੰਨ੍ਹਾਂ ਨੂੰ ਮਿਲ਼ਾ ਕੇ ਲਿਪੀ ਬਣਦੀ ਹੈ। ਹਰ ਭਾਸ਼ਾ ਦੀ ਆਪਣੀ ਲਿਪੀ ਹੁੰਦੀ ਹੈ । ਉਸ ਲਿਪੀ ਵਿੱਚ ਹੀ ਉਹ ਭਾਸ਼ਾ ਪੂਰੀ ਸਫ਼ਲਤਾ ਨਾਲ਼ ਲਿਖੀ ਜਾ ਸਕਦੀ ਹੈ ।

**ਗੁਰਮੁਖੀ ਲਿਪੀ :** ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ । ਇਹ ਲਿਪੀ ਪੰਜਾਬੀ ਭਾਸ਼ਾ ਨੂੰ ਅੰਕਿਤ ਕਰਨ ਲਈ ਪੂਰਨ ਤੌਰ 'ਤੇ ਢੁਕਵੀਂ ਹੈ ।

**ਲਿਪੀ ਤੇ ਵਰਨਮਾਲ਼ਾ :** ਗੁਰਮੁਖੀ ਦੇ ਸਾਰੇ ਅੱਖਰਾਂ ਤੇ ਲਗਾਂ ਆਦਿ ਨੂੰ ਮਿਲ਼ਾ ਕੇ ਗੁਰਮੁਖੀ ਲਿਪੀ ਬਣਦੀ ਹੈ । ਗੁਰਮੁਖੀ ਅੱਖਰ ਜਦੋਂ ਪਰੰਪਰਾਗਤ ਨਿਸ਼ਚਿਤ ਤਰਤੀਬ ਵਿੱਚ ਰੱਖੇ ਜਾਂਦੇ ਹਨ ਤਾਂ ਉਸ ਨੂੰ ਗੁਰਮੁਖੀ ਵਰਨਮਾਲ਼ਾ ਕਿਹਾ ਜਾਂਦਾ ਹੈ। ਪੰਜਾਬੀ ਦੀ ਅਰੰਭਿਕ ਪਾਠ-ਪੁਸਤਕ 'ਮੇਰੀ ਪਹਿਲੀ ਪੁਸਤਕ' ਵਿੱਚ ਇਹ ਵਰਨਮਾਲ਼ਾ ਦਿੱਤੀ ਜਾਂਦੀ ਹੈ । ਗੁਰਮੁਖੀ ਵਰਨਮਾਲ਼ਾ ਹੇਠ ਲਿਖੇ ਅਨੁਸਾਰ ਹੈ :

ੳ ਅ ੲ ਸ ਹ

ਕ ਖ ਗ ਘ ਙ

ਚ ਛ ਜ ਝ ਞ

ਟ ਠ ਡ ਢ ਣ

ਤ ਥ ਦ ਧ ਨ

ਪ ਫ ਬ ਭ ਮ

ਯ ਰ ਲ ਵ ੜ

ਸ਼ ਖ਼ ਗ਼ ਜ਼ ਫ਼ ਲ਼

ਗੁਰਮੁਖੀ ਵਰਨਮਾਲ਼ਾ ਵਿੱਚ ਪਹਿਲਾਂ ਊੜੇ ਤੋਂ ੜਾੜੇ ਤੱਕ ਪੈਂਤੀ ਅੱਖਰ ਹੀ ਹੁੰਦੇ ਸਨ । ਇਸ ਕਰਕੇ ਇਸ ਦਾ ਨਾਂ 'ਪੈਂਤੀ' ਜਾਂ 'ਪੈਂਤੀ ਅੱਖਰੀ' ਸੀ। ਫਿਰ ਅਰਬੀ ਫ਼ਾਰਸੀ

ਲਗ ਦੀ ਵਰਤੋਂ ਊੜਾ ਅਤੇ ਆੜਾ ਨੂੰ ਛੱਡ ਕੇ ਬਾਕੀ ਸਾਰੇ ਅੱਖਰਾਂ ਨਾਲ਼ ਹੁੰਦੀ ਹੈ। ਅਜੋਕੀ ਪੰਜਾਬੀ ਵਿੱਚ ਸ਼ਬਦ ਦੇ ਅੰਤਲੇ ਅੱਖਰ ਨਾਲ਼ ਇਸ ਦੀ ਵਰਤੋਂ ਨਹੀਂ ਹੁੰਦੀ ।

ਨੋਟ : ਇਸ ਲਗ ਦੀ ਵਰਤੋਂ ਬਾਰੇ ਹੋਰ ਵੇਰਵਾ ਕਾਂਡ ਨੌਂ 'ਪੰਜਾਬੀ ਸ਼ਬਦ-ਜੋੜ' ਵਿੱਚ ਹੈ ।

ਬਿਹਾਰੀ ( ੀ ) : ਇਹ ਲਗ/ਈ/ਸ੍ਵਰ ਧੁਨੀ ਦਾ ਚਿੰਨ੍ਹ ਹੈ । ਬਿਹਾਰੀ ਅੱਖਰ ਤੋਂ ਬਾਅਦ ਲਗਦੀ ਹੈ । ਜਿਸ ਅੱਖਰ ਨਾਲ਼ ਬਿਹਾਰੀ ਲਗਦੀ ਹੈ ਉਸ ਨਾਲ਼/ਈ/ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਸੀਤਲ, ਗਰੀਬ ਗਰਮੀ । ਇਹ ਲਗ ਊੜਾ ਅਤੇ ਆੜਾ ਅੱਖਰਾਂ ਨਾਲ਼ ਨਹੀਂ ਲਗਦੀ ।

ਔਂਕੜ ( ੁ ) : ਇਹ ਲਗ/ਉ/ਸ੍ਵਰ ਦਾ ਚਿੰਨ੍ਹ ਹੈ । ਇਹ ਅੱਖਰ ਦੇ ਹੇਠਾਂ ਲਾਈ ਜਾਂਦੀ ਹੈ । ਜਿਹੜੇ ਅੱਖਰ ਨਾਲ਼ ਇਸ ਦੀ ਵਰਤੋਂ ਹੁੰਦੀ ਹੈ, ਉਸ ਵਿੱਚ /ਉ/ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਚੁਸਤ, ਹੁਜਕਾ, ਮਨੁੱਖ, ਘਸੁੰਨ । ਆੜਾ ਅਤੇ ਈੜੀ ਅੱਖਰਾਂ ਨਾਲ਼ ਇਸ ਦੀ ਵਰਤੋਂ ਨਹੀਂ ਹੁੰਦੀ । ਅਜੋਕੀ ਪੰਜਾਬੀ ਵਿੱਚ ਸ਼ਬਦ ਦੇ ਅੰਤਲੇ ਅੱਖਰ ਨਾਲ਼ ਇਸ ਦੀ ਵਰਤੋਂ ਆਮ ਨਹੀਂ ਹੁੰਦੀ ।

ਨੋਟ : ਇਸ ਲਗ ਦੀ ਵਰਤੋਂ ਬਾਰੇ ਹੋਰ ਵੇਰਵਾ ਕਾਂਡ ਨੌਂ 'ਪੰਜਾਬੀ ਸ਼ਬਦ-ਜੋੜ' ਵਿੱਚ ਹੈ ।

ਦੁਲੈਂਕੜ ( ੂ ): ਇਹ ਲਗ/ਊ/ਸ੍ਵਰ-ਧੁਨੀ ਦਾ ਚਿੰਨ੍ਹ ਹੈ । ਇਹ ਔਂਕੜ ਵਾਂਗ ਅੱਖਰ ਦੇ ਹੇਠਾਂ ਲਾਈ ਜਾਂਦੀ ਹੈ । ਜਿਸ ਅੱਖਰ ਨਾਲ਼ ਦੁਲੈਂਕੜ ਲਾਈ ਜਾਂਦੀ ਹੈ ਉਸ ਨਾਲ਼/ਊ/ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਨੂੰ, ਸੂਰਜ, ਸਰੂ, ਸਕੂਲ, ਜਲੂਸ, ਕਪੂਰਥਲਾ, ਅਕਾਊ, ਪੜ੍ਹਾਕੂ । ਆੜਾ ਅਤੇ ਈੜੀ ਨਾਲ਼ ਇਸ ਲਗ ਦੀ ਵਰਤੋਂ ਨਹੀਂ ਹੁੰਦੀ ।

ਲਾਂ ( ੇ ) : ਇਹ ਲਗ/ਏ/ਸ੍ਵਰ ਧੁਨੀ ਦਾ ਚਿੰਨ੍ਹ ਹੈ । ਇਹ ਅੱਖਰ ਦੇ ਉੱਤੇ ਲਾਈ ਜਾਂਦੀ ਹੈ । ਜਿਸ ਅੱਖਰ ਨਾਲ਼ ਲਾਂ ਲਗਦੀ ਹੈ ਉਸ ਨਾਲ਼ /ਏ/ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਚੇਤ, ਕੇਸ, ਤੇਲ, ਅਟੇਰਨ, ਤਰਸੇਵਾਂ, ਪਹਾੜੇ । ਇਸ ਲਗ ਦੀ ਵਰਤੋਂ ਊੜਾ ਅਤੇ ਆੜਾ ਨਾਲ਼ ਨਹੀਂ ਹੁੰਦੀ ।

Vivo V9
Dual Rear Camera
2020.03.23 17:05
Scanned with CamScanner

## ਟਕਸਾਲੀ ਪੰਜਾਬੀ

ਪੰਜਾਬੀ ਦੀਆਂ ਥੋੜ੍ਹੇ-ਬਹੁਤੇ ਫ਼ਰਕ ਵਾਲ਼ੀਆਂ ਉਪਭਾਸ਼ਾਵਾਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਜਿਹੜੀ ਸਰਬ-ਸਾਂਝੀ ਭਾਸ਼ਾ ਵਰਤੀ ਜਾਂਦੀ ਹੈ ਉਸ ਨੂੰ ਟਕਸਾਲੀ ਜਾਂ ਮਿਆਰੀ ਪੰਜਾਬੀ ਕਿਹਾ ਜਾਂਦਾ ਹੈ । ਇਸ ਪ੍ਰਕਾਰ ਟਕਸਾਲੀ ਪੰਜਾਬੀ ਪੰਜਾਬ ਦੇ ਕਿਸੇ ਖ਼ਾਸ ਇਲਾਕੇ ਵਿੱਚ ਬੋਲੀ ਜਾਣ ਵਾਲ਼ੀ ਭਾਸ਼ਾ ਹੋਣ ਦੀ ਥਾਂ ਕਿਤਾਬੀ ਭਾਸ਼ਾ ਹੈ ਜੋ ਸਾਰੇ ਪੰਜਾਬ ਵਿੱਚ ਸਮਝੀ ਜਾਂਦੀ ਹੈ । ਇਹ ਸਰਕਾਰੀ ਪ੍ਰਬੰਧ, ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਵਪਾਰ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ । ਇਸ ਦੀ ਸ਼ਬਦਾਵਲੀ ਦਾ ਉਚਾਰਨ ਅਤੇ ਅਰਥ ਨਿਸ਼ਚਿਤ ਹਨ । ਇਸ ਦਾ ਵਿਆਕਰਨ ਮਾਝੀ ਉਪਭਾਸ਼ਾ ਦੇ ਵਧੇਰੇ ਨੇੜੇ ਹੈ, ਪਰ ਸ਼ਬਦਾਵਲੀ ਅਤੇ ਆਮ ਮੁਹਾਵਰਾ ਸਾਰੀਆਂ ਉਪਭਾਸ਼ਾਵਾਂ ਵਿੱਚੋਂ ਹੈ। ਪੰਜਾਬੀ ਵਿੱਚ ਸਮਾਚਾਰ ਪੱਤਰਾਂ, ਰੇਡੀਓ, ਟੈਲੀਵਿਜ਼ਨ ਦੇ ਸਮਾਚਾਰਾਂ ਅਤੇ ਪਾਠ-ਪੁਸਤਕਾਂ ਦੀ ਭਾਸ਼ਾ ਟਕਸਾਲੀ ਭਾਸ਼ਾ ਦੀਆਂ ਉਦਾਹਰਨਾਂ ਹਨ।

ਭਾਸ਼ਾ ਦੇ ਉਪਭਾਸ਼ਾਈ ਵਖਰੇਵਿਆਂ ਤੋਂ ਇਲਾਵਾ ਇਸ ਦੀਆਂ ਹੋਰ ਵੰਨਗੀਆਂ ਵੀ ਹੁੰਦੀਆਂ ਹਨ। ਉਦਾਹਰਨ ਵਜੋਂ ਹਰ ਕਿੱਤੇ ਦੀ ਆਪਣੀ ਵਿਸ਼ੇਸ਼ ਸ਼ਬਦਾਵਲੀ ਹੁੰਦੀ ਹੈ। ਖੇਤੀਬਾੜੀ ਨਾਲ਼ ਸੰਬੰਧਿਤ ਸ਼ਬਦ ਹਲਵਾਈ, ਦਰਜ਼ੀ ਜਾਂ ਇੰਜੀਨੀਅਰ ਦੇ ਕਿੱਤੇ ਨਾਲ਼ ਸੰਬੰਧਿਤ ਸ਼ਬਦਾਂ ਤੋਂ ਭਿੰਨ ਹੁੰਦੇ ਹਨ। ਇਵੇਂ ਹੀ ਵੱਖ-ਵੱਖ ਵਿਸ਼ਿਆਂ ਜਿਵੇਂ ਵਿਗਿਆਨ, ਅਰਥ-ਸ਼ਾਸਤਰ, ਗਣਿਤ ਅਤੇ ਭਾਸ਼ਾ ਦੇ ਖ਼ਾਸ ਸ਼ਬਦ ਹੁੰਦੇ ਹਨ। ਵੱਖ-ਵੱਖ ਮੌਕਿਆਂ ਅਨੁਸਾਰ ਵੀ ਭਾਸ਼ਾ ਦੀ ਵੰਨਗੀ ਬਦਲ ਜਾਂਦੀ ਹੈ। ਉਦਾਹਰਨ ਵਜੋਂ ਕਿਸੇ ਧਾਰਮਿਕ ਸਥਾਨ ਅੰਦਰ ਬੋਲਦੇ ਹੋਏ ਧਾਰਮਿਕ ਰੰਗਣ ਦੇ ਸ਼ਬਦ ਬੋਲੇ ਜਾਂਦੇ ਹਨ। ਕਿਸੇ ਵਿਅਕਤੀ ਦੀ ਵਿੱਦਿਆ, ਸਮਾਜਿਕ ਦਰਜਾ, ਆਦਿ ਦਾ ਵੀ ਉਸ ਦੀ ਭਾਸ਼ਾ ਵੰਨਗੀ ਉੱਤੇ ਪ੍ਰਭਾਵ ਪੈਂਦਾ ਹੈ। ਇਹ ਗੱਲ ਵੀ ਫ਼ਰਕ ਪਾਉਂਦੀ ਹੈ ਕਿ ਕੋਈ ਵਿਅਕਤੀ ਬੋਲ ਕੇ ਆਪਣੇ ਵਿਚਾਰ ਪ੍ਰਗਟ ਕਰ ਰਿਹਾ ਹੈ ਜਾਂ ਲਿਖ ਕੇ। ਇਸ ਤਰ੍ਹਾਂ ਬਰੀਕੀ ਨਾਲ਼ ਵੇਖਿਆਂ ਭਾਸ਼ਾ ਦੀ ਵਰਤੋਂ ਦੇ ਹੋਰ ਅੰਤਰ ਵੀ ਵਿਖਾਈ ਦਿੰਦੇ ਹਨ।

Vivo V9
Dual Rear Camera

## ਅਭਿਆਸ

2020.03.23

Scanned with CamScanner

# ਭਾਸ਼ਾ ਅਤੇ ਪੰਜਾਬੀ ਭਾਸ਼ਾ

## ਭਾਸ਼ਾ ਦੀ ਵਿਆਖਿਆ

ਜਿਹੜੇ ਬੋਲਾਂ ਰਾਹੀਂ ਕਿਸੇ ਇਲਾਕੇ ਦੇ ਲੋਕ ਬੋਲ ਕੇ ਜਾਂ ਲਿਖ ਕੇ ਆਪਣੇ ਵਿਚਾਰ ਇੱਕ ਦੂਜੇ ਨੂੰ ਸਮਝਾਉਂਦੇ ਜਾਂ ਸਮਝਦੇ ਹਨ ਉਹਨਾਂ ਬੋਲਾਂ ਨੂੰ ਭਾਸ਼ਾ ਕਿਹਾ ਜਾਂਦਾ ਹੈ । ਆਪਣੀ ਗੱਲ ਸਮਝਾਉਣ ਲਈ ਕਈ ਵਾਰੀ ਸੈਨਤਾਂ ਜਾਂ ਇਸ਼ਾਰਿਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ, ਪਰ ਇਹਨਾਂ ਦੀ ਵਰਤੋਂ ਆਮ ਨਹੀਂ ਹੋ ਸਕਦੀ । ਇਸ ਲਈ ਭਾਵਾਂ ਨੂੰ ਪ੍ਰਗਟਾਉਣ ਲਈ ਭਾਸ਼ਾ ਹੀ ਸਭ ਤੋਂ ਵੱਧ ਸਫ਼ਲ ਸਾਧਨ ਹੈ ।

ਸੰਸਾਰ ਦੇ ਵੱਖ-ਵੱਖ ਦੇਸਾਂ-ਪ੍ਰਦੇਸਾਂ ਵਿੱਚ ਰਹਿੰਦੇ ਲੋਕ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ । ਇਸੇ ਤਰ੍ਹਾਂ ਸਾਡੇ ਦੇਸ ਭਾਰਤ ਵਿੱਚ ਵੱਖ-ਵੱਖ ਪ੍ਰਾਂਤਾਂ ਅਤੇ ਇਲਾਕਿਆਂ ਦੇ ਲੋਕ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ । ਸਾਡੇ ਸੰਵਿਧਾਨ ਅਨੁਸਾਰ ਭਾਰਤ ਦੀਆਂ ਚੌਦਾਂ ਪ੍ਰਵਾਨਿਤ ਭਾਸ਼ਾਵਾਂ ਹਨ– ਪੰਜਾਬੀ, ਹਿੰਦੀ, ਗੁਜਰਾਤੀ, ਮਰਾਠੀ, ਬੰਗਾਲੀ, ਉੜੀਆ, ਅਸਾਮੀ, ਕਸ਼ਮੀਰੀ, ਤਾਮਿਲ, ਤੇਲਗੂ, ਕੰਨੜ ਮਲਿਆਲਮ, ਉਰਦੂ ਅਤੇ ਸੰਸਕ੍ਰਿਤ । ਪੰਜਾਬੀ ਪੰਜਾਬ ਦੀ ਰਾਜ-ਭਾਸ਼ਾ ਹੈ ।

## ਪੰਜਾਬੀ ਦੀਆਂ ਉਪਭਾਸ਼ਾਵਾਂ

ਪੁਰਾਣੇ ਸਮਿਆਂ ਵਿੱਚ ਵਿਸ਼ੇਸ਼ ਭੁਗੋਲਿਕ ਸਥਿਤੀਆਂ ਜਿਵੇਂ ਪਹਾੜਾਂ, ਦਰਿਆਵਾਂ, ਰੇਗਿਸਤਾਨਾਂ, ਜੰਗਲਾਂ ਆਦਿ ਦੇ ਆਵਾਜਾਈ ਪੱਖੋਂ ਵਿਘਨਕਾਰੀ ਹੋਣ ਕਾਰਨ ਅਤੇ ਕੁਝ ਆਵਾਜਾਈ ਅਤੇ ਸੰਚਾਰ ਸਾਧਨਾਂ ਦੇ ਉੱਨਤ ਨਾ ਹੋਣ ਕਾਰਨ ਇੱਕ ਪ੍ਰਾਂਤ ਜਾਂ ਇਲਾਕੇ ਵਿੱਚ ਬੋਲੀ ਜਾਣ ਵਾਲ਼ੀ ਭਾਸ਼ਾ ਵਿੱਚ ਵੱਖ-ਵੱਖ ਥਾਂਵਾਂ ਉੱਤੇ ਉਚਾਰਨ ਤੇ ਸ਼ਬਦਾਵਲੀ ਦੇ ਪੱਖ ਤੋਂ ਥੋੜ੍ਹਾ-ਬਹੁਤ ਫ਼ਰਕ ਹੁੰਦਾ ਸੀ । ਇੱਕ ਹੀ ਭਾਸ਼ਾ ਵਿੱਚ ਇਹਨਾਂ ਫ਼ਰਕਾਂ ਕਾਰਨ ਪ੍ਰਤੀਤ ਹੁੰਦੇ ਭਿੰਨ-ਭਿੰਨ ਰੂਪ ਨੂੰ ਉਸ ਭਾਸ਼ਾਂ ਦੀਆਂ ਉਪਭਾਸ਼ਾਵਾਂ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿੱਚ ਵੀ ਉਪਭਾਸ਼ਾਵਾਂ ਹਨ, ਜਿਵੇਂ : ਮਾਝੀ, ਮਲਵਈ, ਦੁਆਬੀ, ਪੁਆਧੀ, ਪੋਠੋਹਾਰੀ, ਮੁਲਤਾਨੀ ਆਦਿ ।



Vivo V9
Dual Rear Camera
2020.03.23 17:04
Scanned with CamScanner

ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਸ਼, ਖ਼, ਗ਼, ਜ਼ ਫ਼ ਪੰਜ ਅੱਖਰ ਪਹਿਲਾਂ ਤੋਂ ਪ੍ਰਚਲਿਤ ਸ, ਖ, ਗ, ਜ, ਫ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਲਾ ਕੇ ਬਣਾਏ ਗਏ। ਹੁਣ ਪੰਜਾਬੀ ਦੀ 'ਲ' ਧੁਨੀ ਜਿਸ ਨੂੰ ਬੋਲਣ ਵੇਲ਼ੇ ਜੀਭ ਤਾਲੂ ਨੂੰ ਛੂੰਹਦੀ ਹੈ, ਨੂੰ ਅੰਕਿਤ ਕਰਨ ਲਈ ਲੱਲਾ ਅੱਖਰ ਦੇ ਪੈਰ ਬਿੰਦੀ ਲਾ ਕੇ 'ਲ਼' ਅੱਖਰ ਬਣਾਇਆ ਗਿਆ ਹੈ। ਬਿਨਾਂ ਪੈਰ ਬਿੰਦੀ 'ਲੱਲਾ' ਅੱਖਰ 'ਲ' ਦੀ ਉਸ ਧੁਨੀ ਨੂੰ ਅੰਕਿਤ ਕਰਦਾ ਹੈ ਜਿਸ ਨੂੰ ਬੋਲਣ ਵੇਲ਼ੇ ਜੀਭ ਦੰਦਾਂ ਦੇ ਅੰਦਰਲੇ ਪਾਸੇ ਨੂੰ ਛੂੰਹਦੀ ਹੈ। ਇਸ ਤਰ੍ਹਾਂ ਗੁਰਮੁਖੀ ਵਰਨਮਾਲ਼ਾ ਦੇ ਇਕਤਾਲ਼ੀ ਅੱਖਰ ਹਨ । ਸੱਸਾ ਤੋਂ ਪੈਰ ਬਿੰਦੀ ਵਾਲ਼ੇ ਲੱਲੇ ਤੱਕ ਅਠੱਤੀ ਅੱਖਰ ਵਿਅੰਜਨ ਧੁਨੀਆਂ ਨੂੰ ਅੰਕਿਤ ਕਰਦੇ ਹਨ । ੳ, ਅ, ੲ ਅੱਖਰ ਸ੍ਵਰ ਧੁਨੀਆਂ ਨੂੰ ਅੰਕਿਤ ਕਰਦੇ ਹਨ ਪਰ ਸ੍ਵਰ ਧੁਨੀਆਂ ਦਸ ਹਨ। ਇਸ ਲਈ ਇਹ ਧੁਨੀਆਂ ੳ, ਅ, ੲ ਅੱਖਰਾਂ ਨੂੰ ਲਗਾਂ ਲਾ ਕੇ ਅੰਕਿਤ ਕੀਤੀਆਂ ਜਾਂਦੀਆਂ ਹਨ : ਅ ਆ ਇ ਈ ਉ ਊ ਏ ਐ ਓ ਔ ।

**ਅੱਖਰ ਤੇ ਲਗਾਂ** : ਪੰਜਾਬੀ ਧੁਨੀਆਂ ਤੋਂ ਬਣਦੇ ਸ਼ਬਦਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਅੱਖਰਾਂ ਨਾਲ਼ ਕੁਝ ਲਗਾਂ ਲਗਦੀਆਂ ਹਨ । ਲਗਾਂ ਸ੍ਵਰ ਧੁਨੀਆਂ ਨੂੰ ਅੰਕਿਤ ਕਰਨ ਵਾਲ਼ੇ ਲਿਪੀ-ਚਿੰਨ੍ਹ ਹਨ । ਲਗਾਂ ਦਾ ਅੱਖਰਾਂ ਤੋਂ ਬਿਨਾਂ ਪ੍ਰਯੋਗ ਨਹੀਂ ਹੁੰਦਾ । ਇਹ ਕਿਸੇ ਨਾ ਕਿਸੇ ਅੱਖਰ ਨਾਲ਼ ਹੀ ਆਉਂਦੀਆਂ ਹਨ। ਇਹਨਾਂ ਨੂੰ ਲਗਾਖਰ ਵੀ ਕਿਹਾ ਜਾਂਦਾ ਹੈ।

**ਮੁਕਤਾ** : ਮੁਕਤਾ ਸ੍ਵਰ ਧੁਨੀ ਨੂੰ ਕਹਿੰਦੇ ਹਨ ਪਰ ਇਸ ਦਾ ਕੋਈ ਚਿੰਨ੍ਹ ਨਹੀਂ ਹੈ। ਪੰਜਾਬੀ ਲਿਖਣ ਵੇਲ਼ੇ ਜਿਹੜੇ ਅੱਖਰਾਂ ਨੂੰ ਕੋਈ ਲਗ ਨਹੀਂ ਲਗਦੀ, ਉਹਨਾਂ ਅੱਖਰਾਂ ਨੂੰ ਮੁਕਤਾ ਵਾਲ਼ੇ ਅੱਖਰ ਮੰਨਿਆ ਜਾਂਦਾ ਹੈ । ਅਜਿਹੇ ਅੱਖਰਾਂ ਵਿੱਚ/ਅ/ਦੀ ਅਵਾਜ਼ ਸ਼ਾਮਲ ਸਮਝੀ ਜਾਂਦੀ ਹੈ, ਜਿਵੇਂ ਘਰ, ਜਤਨ, ਸਬਕ, ਸਬਰ, ਜਗਮਗ । ਊੜਾ ਅਤੇ ਈੜੀ ਅੱਖਰ ਮੁਕਤਾ ਵਾਲ਼ੇ ਨਹੀਂ ਹਨ ।

ਕੰਨਾ ( ਾ ) : ਇਹ ਲਗ/ਆ/ਸ੍ਵਰ-ਧੁਨੀ ਦਾ ਚਿੰਨ੍ਹ ਹੈ । ਕੰਨਾ ਅੱਖਰ ਤੋਂ ਪਿੱਛੋਂ ਲਗਦਾ ਹੈ । ਇਹ ਲੰਬਾਈ ਵਿੱਚ ਅੱਖਰ ਤੋਂ ਅੱਧਾ ਹੁੰਦਾ ਹੈ । ਕੰਨਾ ਲਗ ਜਿਸ ਅੱਖਰ ਪਿੱਛੇ ਲਗਦੀ ਹੈ ਉਸ ਨਾਲ਼/ਆ/ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਹਾਰ, ਚਾਨਣ, ਸਾਗਰ, ਹਰਾ, ਮਕਾਨ, ਸਹਾਰਾ, ਨਲ਼ਕਾ । ਕੰਨਾ ਗੁਰਮੁਖੀ ਵਰਨਮਾਲ਼ਾ ਦੇ ਊੜਾ ਅਤੇ ਈੜੀ ਅੱਖਰਾਂ ਨੂੰ ਛੱਡ ਕੇ ਬਾਕੀ ਸਾਰੇ ਅੱਖਰਾਂ ਨਾਲ਼ ਲਗਦਾ ਹੈ ।

ਸਿਹਾਰੀ ( ਿ ) : ਇਹ ਲਗ/ਇ/ਸ੍ਵਰ ਧੁਨੀ ਦਾ ਚਿੰਨ੍ਹ ਹੈ । ਸਿਹਾਰੀ ਅੱਖਰ ਤੋਂ ਪਹਿਲਾਂ ਲਗਦੀ ਹੈ । ਜਿਹੜੇ ਅੱਖਰ ਨਾਲ਼ ਸਿਹਾਰੀ ਲਗਦੀ ਹੈ ਉਸ ਦੇ ਨਾਲ਼ /ਇ/ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਲਿਖ, ਮਿਰਚ, ਸੁਨਿਆਰ, ਬਲਿਹਾਰ, ਬਣਾਇਆ, ਸੁਣਾਇਆ । ਇਸ

ਜਿਵੇਂ :

| | |
|---|---|
| ਧੁਨੀਆਂ ਦੀ ਵਿਆਖਿਆ | : ਧੁਨੀ-ਬੋਧ |
| ਸ਼ਬਦਾਂ ਦੀ ਵਿਆਖਿਆ | : ਸ਼ਬਦ-ਬੋਧ |
| ਸ਼ਬਦਾਂ ਦੀ ਅਰਥਾਂ ਪੱਖੋਂ ਵਿਆਖਿਆ | : ਅਰਥ-ਬੋਧ |
| ਵਾਕਾਂ ਦੀ ਵਿਆਖਿਆ | : ਵਾਕ-ਬੋਧ |

ਇਸ ਪ੍ਰਕਾਰ ਵਿਆਕਰਨ ਦੇ ਮੁੱਖ ਅੰਗ ਧੁਨੀ-ਬੋਧ, ਸ਼ਬਦ-ਬੋਧ, ਅਰਥ-ਬੋਧ ਅਤੇ ਵਾਕ-ਬੋਧ ਹਨ ।

ਉਪਰੋਕਤ ਤੋਂ ਬਿਨਾਂ ਵਿਆਕਰਨ ਵਿੱਚ ਵਿਸਰਾਮ-ਚਿੰਨ੍ਹਾਂ, ਸ਼ਬਦ-ਜੋੜਾਂ, ਮੁਹਾਵਰਿਆਂ, ਮੁਹਾਵਰੇਦਾਰ ਵਾਕੰਸ਼ਾਂ ਅਤੇ ਅਖਾਣਾਂ ਬਾਰੇ ਵੀ ਚਰਚਾ ਕੀਤੀ ਜਾਂਦੀ ਹੈ । ਵਿਹਾਰਕ ਪੱਖ ਤੋਂ ਲੇਖ ਰਚਨਾ ਵੀ ਵਿਆਕਰਨ ਦੇ ਨਾਲ਼ ਪੜ੍ਹਾਈ ਜਾਂਦੀ ਹੈ।

## ਅਭਿਆਸ

1. ਵਿਆਕਰਨ ਕਿਸ ਨੂੰ ਕਹਿੰਦੇ ਹਨ ?
2 ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ ?
3. ਵਿਆਕਰਨ ਦੀ ਪੜ੍ਹਾਈ ਪੜ੍ਹਨੀ ਕਿਉਂ ਜ਼ਰੂਰੀ ਹੈ ?
4. ਬੋਲਚਾਲ ਦੀ ਭਾਸ਼ਾ ਵਿੱਚ ਵਿਆਕਰਨ ਨਿਯਮਾਂ ਤੋਂ ਲਈ ਜਾਂਦੀ ਖੁੱਲ੍ਹ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ ?
5. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ ?

********

Vivo V9
Dual Rear Camera
2020.03.23 17:03

Scanned with CamScanner

ਸਮੁੱਚੇ ਤੌਰ'ਤੇ ਲਿਖੇ ਅੱਖਰ ਨਾ ਤਾਂ ਇਤਨੇ ਬਰੀਕ ਹੋਣ ਕਿ ਪੜ੍ਹਨ ਵਿੱਚ ਔਖ ਹੋਵੇ ਅਤੇ ਨਾ ਹੀ ਇਤਨੇ ਵੱਡੇ ਕਿ ਭੱਦੇ ਲੱਗਣ ।

## ਅਭਿਆਸ

1. ਲਿਪੀ ਕੀ ਹੁੰਦੀ ਹੈ ।
2. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ ?
3. ਗੁਰਮੁਖੀ ਲਿਪੀ ਅਤੇ ਵਰਨਮਾਲ਼ਾ ਵਿੱਚ ਕੀ ਅੰਤਰ ਹੈ ?
4. ਗੁਰਮੁਖੀ ਵਰਨਮਾਲ਼ਾ ਦੇ ਕਿੰਨੇ ਵਰਨ ਜਾਂ ਅੱਖਰ ਹਨ ?
5. ਪਹਿਲਾਂ ਪ੍ਰਚਲਿਤ ਅੱਖਰਾਂ ਵਿੱਚ ਕੁਝ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਲਾ ਕੇ ਨਵੇਂ ਅੱਖਰ ਬਣਾਏ ਗਏ ਹਨ । ਇਹ ਨਵੇਂ ਅੱਖਰ ਕਿਹੜੇ ਹਨ ? ਇਹਨਾਂ ਨਵੇਂ ਅੱਖਰਾਂ ਨੂੰ ਬਣਾਉਣ ਦੀ ਲੋੜ ਕਿਉਂ ਪਈ ?
6. 'ਲ' ਅਤੇ 'ਲ਼' ਵਿੱਚ ਕੀ ਅੰਤਰ ਹੈ ?
7. ਦੁੱਤ-ਅੱਖਰ ਕਿਸ ਨੂੰ ਆਖਦੇ ਹਨ? ਉਦਹਾਰਨਾਂ ਸਹਿਤ ਲਿਖੋ।
8. ਬਿੰਦੀ ਕਿਹੜੀ-ਕਿਹੜੀ ਲਗ ਨਾਲ਼ ਲਗਦੀ ਹੈ, ਉਦਾਹਰਨਾਂ ਸਹਿਤ ਦੱਸੋ ।
9. (ੳ) ਊੜਾ ਅੱਖਰ ਨਾਲ਼ ਕਿਹੜੇ ਨਾਸਿਕੀ-ਚਿੰਨ੍ਹ ਦੀ ਵਰਤੋਂ ਹੁੰਦੀ ਹੈ?
   (ਅ) ਉਹ ਕਿਹੜਾ ਅੱਖਰ ਹੈ ਜਿਸ ਦੇ ਨਾਲ਼ ਹੋੜਾ ਲਗ ਲਾਉਣ ਲਈ ਉਸ ਅੱਖਰ ਦਾ ਮੂੰਹ ਖੁੱਲ੍ਹਾ ਕਰ ਦਿੱਤਾ ਜਾਂਦਾ ਹੈ ?
10. ਅਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ ?
11. ਅਧਕ ਕਿਹੜੀ ਲਗ ਨਾਲ਼ ਆ ਸਕਦੀ ਹੈ ?
12. ਮੁਕਤਾ ਕੀ ਹੈ ?
13. ਸੁਹਣਾ ਲਿਖਣ ਲਈ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?
14. ਕਿਸੇ ਅੱਖਰ ਨਾਲ਼ ਲਗ, ਬਿੰਦੀ, ਟਿੱਪੀ ਅਤੇ ਅਧਕ ਲਾਉਣ ਜਾਂ ਨਾ ਲਾਉਣ ਨਾਲ਼ ਪੈਂਦੇ ਅਰਥ-ਅੰਤਰ ਦੀਆਂ ਪੰਜ-ਪੰਜ ਉਦਾਹਰਨਾਂ ਲਿਖੋ।

********

Scanned with CamScanner

ਹੁੰਦਾ ਹੈ ਅਤੇ ਸ਼ਬਦਾਂ ਦੀ ਬਣਤਰ-ਵਿਧੀ ਅਤੇ ਉਹਨਾਂ ਦੀ ਸ਼ੁੱਧ ਵਰਤੋਂ ਦਾ ਬੋਧ ਹੁੰਦਾ ਹੈ। ਦੂਜੀਆਂ ਭਾਸ਼ਾਵਾਂ ਸਿੱਖਣ ਵਿੱਚ ਤਾਂ ਵਿਆਕਰਨ ਹੋਰ ਵੀ ਮਦਦਗਾਰ ਹੁੰਦਾ ਹੈ। ਮਾਤ-ਭਾਸ਼ਾ ਵਿੱਚ ਵੀ ਵੱਧ ਤੋਂ ਵੱਧ ਕੁਸ਼ਲਤਾ ਪ੍ਰਾਪਤ ਕਰਨ ਲਈ ਵਿਆਕਰਨ ਸਹਾਈ ਹੁੰਦਾ ਹੈ। ਕਿਸੇ ਭਾਸ਼ਾ ਬਾਰੇ ਸਥਾਪਿਤ ਹੋਏ ਵਿਆਕਰਨ ਦੇ ਨਿਯਮ ਉਸ ਭਾਸ਼ਾ ਦੇ ਸ਼ੁੱਧ/ਅਸ਼ੁੱਧ ਅਤੇ ਮਿਆਰੀ/ਗ਼ੈਰ-ਮਿਆਰੀ ਸਰੂਪ ਬਾਰੇ ਚਾਨਣਾ ਪਾਉਂਦੇ ਹਨ। ਭਾਸ਼ਾ ਨੂੰ ਲਿਖਣ ਲਈ ਵਿਆਕਰਨ ਹੋਰ ਵੀ ਲਾਭਦਾਇਕ ਸਿੱਧ ਹੁੰਦੀ ਹੈ। ਵਿਆਕਰਨ ਪੱਖੋਂ ਸ਼ੁੱਧ ਲਿਖਤ ਵਿੱਚ ਭਾਵ ਜਾਂ ਵਿਚਾਰ ਇੰਨ-ਬਿੰਨ ਅਤੇ ਸਪਸ਼ਟਤਾ ਨਾਲ਼ ਪ੍ਰਗਟ ਹੋ ਜਾਂਦੇ ਹਨ।

ਕਈ ਵਾਰੀ ਇਹ ਕਿਹਾ ਜਾਂਦਾ ਹੈ ਕਿ ਵਿਆਕਰਨ ਦਾ ਸੰਬੰਧ ਕੇਵਲ ਲਿਖਤੀ ਭਾਸ਼ਾ ਨਾਲ਼ ਹੁੰਦਾ ਹੈ। ਉਂਞ ਬੋਲ-ਚਾਲ ਦੀ ਭਾਸ਼ਾ ਦਾ ਵੀ ਆਪਣਾ ਵਿਆਕਰਨ ਹੁੰਦਾ ਹੈ। ਇਸ ਦਾ ਲਿਖਤੀ ਭਾਸ਼ਾ ਦੇ ਵਿਆਕਰਨ ਨਾਲ਼ੋਂ ਅੰਤਰ ਕੇਵਲ ਇਸ ਗੱਲ ਵਿੱਚ ਹੁੰਦਾ ਹੈ ਕਿ ਇਸ ਦੇ ਨਿਯਮ ਇੰਨੇ ਪੀਡੇ ਨਹੀਂ ਹੁੰਦੇ। ਬੋਲਣ ਵਾਲ਼ਾ ਆਮ ਤੌਰ 'ਤੇ ਆਪਣੇ ਸ੍ਰੋਤੇ ਦੇ ਸਨਮੁੱਖ ਹੁੰਦਾ ਹੈ ਜਿਸ ਕਰਕੇ ਉਹ ਵਿਆਕਰਨਿਕ ਨਿਯਮਾਂ ਵਿੱਚ ਲਈ ਖੁੱਲ੍ਹ ਨੂੰ ਗੱਲ ਦੁਹਰਾਅ ਕੇ, ਚਿਹਰੇ ਦੇ ਪ੍ਰਭਾਵਾਂ ਜਾਂ ਇਸ਼ਾਰਿਆਂ ਤੋਂ ਪ੍ਰਗਟਾਅ ਵਿੱਚ ਸਹਾਇਤਾ ਲੈ ਕੇ ਪੂਰ ਲੈਂਦਾ ਹੈ।

## ਵਿਆਕਰਨ ਦਾ ਮੰਤਵ

ਵਿਆਕਰਨ ਦਾ ਮੰਤਵ ਕਿਸੇ ਭਾਸ਼ਾ ਦੇ ਵਰਤਾਰੇ ਨੂੰ ਵਿਗਿਆਨਿਕ ਢੰਗ ਨਾਲ਼ ਸਮਝਣਾ ਹੈ। ਪਹਿਲਾਂ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ ਨਿਯਮ ਕੱਢੇ ਜਾਂਦੇ ਹਨ। ਫਿਰ ਉਹਨਾਂ ਨੂੰ ਲਾਗੂ ਕਰਕੇ ਛੋਟਾਂ ਦੱਸੀਆਂ ਜਾਂਦੀਆਂ ਹਨ। ਜਿੱਥੇ ਕੋਈ ਨਿਯਮ ਜਿੰਨਾ ਕੁ ਲਾਗੂ ਹੁੰਦਾ ਹੈ ਉਸ ਅਨੁਸਾਰ ਭਾਸ਼ਾ ਦੀ ਵਰਤੋਂ ਸ਼ੁੱਧ ਜਾਂ ਮਿਆਰੀ ਮੰਨੀ ਜਾਂਦੀ ਹੈ।

ਸਕੂਲ ਪੱਧਰ 'ਤੇ ਵਿਆਕਰਨ ਦਾ ਗਿਆਨ ਬਹੁਤ ਜ਼ਰੂਰੀ ਹੈ। ਇਸ ਨਾਲ਼ ਸ਼ੁੱਧ ਅਤੇ ਮਿਆਰੀ ਭਾਸ਼ਾ ਸਿੱਖਣ ਵਿੱਚ ਮਦਦ ਮਿਲ਼ਦੀ ਹੈ। ਭਾਸ਼ਾ ਦੀ ਸੁਚੱਜੀ ਅਤੇ ਸਫ਼ਲ ਵਰਤੋਂ ਕਰ ਸਕਣ ਦੀ ਜਾਚ ਆਉਂਦੀ ਹੈ। ਨਤੀਜੇ ਵਜੋਂ ਵਿਦਿਆਰਥੀ ਦਾ ਭਰੋਸਾ ਵਧਦਾ ਹੈ। ਆਮ ਤੌਰ 'ਤੇ ਮਾਤ-ਭਾਸ਼ਾ ਦੇ ਵਿਆਕਰਨ ਨੂੰ ਸਿੱਖਣ ਤੋਂ ਅਣਗਹਿਲੀ ਕੀਤੀ ਜਾਂਦੀ ਹੈ, ਪਰ ਮਾਤ-ਭਾਸ਼ਾ ਉੱਤੇ ਪੂਰਾ ਅਧਿਕਾਰ ਹਾਸਲ ਕਰਨ ਲਈ ਇਸ ਵਿੱਦਿਆ ਨੂੰ ਸਿੱਖਣਾ ਜ਼ਰੂਰੀ ਹੈ।

## ਵਿਆਕਰਨ ਦੇ ਅੰਗ

ਵਿਆਕਰਨ ਭਾਸ਼ਾ ਦੇ ਵਰਤਾਰੇ ਦੀ ਵਿਆਖਿਆ ਕਰਦਾ ਹੈ। ਇਸ ਲਈ ਭਾਸ਼ਾ ਦੇ ਵੱਖ-ਵੱਖ ਅੰਗਾਂ ਦੇ ਅਧਿਐਨ ਅਨੁਸਾਰ ਵਿਆਕਰਨ ਦੇ ਹਿੱਸੇ ਬਣਦੇ ਹਨ,

Vivo V9
Dual Rear Camera
2020.03.23 17:03
Scanned with CamScanner